**ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਫਾਰਮੇਸੀ ਵਿਭਾਗ ਵੱਲੋਂ ਵਿਸ਼ਵ ਫਾਰਮਾਸਿਸਟ ਦਿਵਸ ਦਾ ਅਯੋਜਨ**

**ਫਾਰਮੇਸੀ ਉਦਯੋਗ ਦਾ ਭਾਰਤ ਦੀ ਉਨਤੀ ਵਿੱਚ ਅਹਿਮ ਯੋਗਦਾਨ : ਡਾ: ਈਸ਼ਰ**

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਦੇ ਫਾਰਮਾਸਿਊਟੀਕਲ ਸਾਇੰਸ ਅਤੇ ਟੈਕਨਾਲਜੀ ਵਿਭਾਗ ਵੱਲੋਂ ਵਿਸ਼ਵ ਫਾਰਮਾਸਿਸਟ ਦਿਵਸ ਪੂਰੇ ਜੋਸ਼ੋ-ਖਰੋਸ਼ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਤੇ ਵੱਖ - ਵੱਖ ਵੰਨਗੀਆ ਪੇਸ਼ ਕੀਤੀਆ ਗਈਆਂ। ਮੈਕਸ ਸੁਪਰਸ਼ਪੈਲਸਿਟੀ ਹਸਪਤਾਲ, ਬਠਿੰਡਾ ਦੇ ਡਾ: ਸਤੀਸ਼ ਥਾਪਰ ਨੇ ਇਸ ਮੌਕੇ ਤੇ ”ਤਣਾਅ ਦੇ ਕਾਰਣਾ, ਲੱਛਣਾ ਤੇ ਤਣਾਅ ਤੋਂ ਬਚਨ ਦੇ ਤਰੀਕਿਆ” ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸ ਮੌਕੇ ਤੇ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ: ਮੋਹਨ ਪਾਲ ਸਿੰਘ ਈਸ਼ਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਫਾਰਮੇਸੀ ਦੀ ਪੜ੍ਹਾਈ ਅਤੇ ਉਦਯੋਗ ਲਈ ਕਈ ਨਵੇਂ ਖੇਤਰ ਪੈਦਾ ਹੋਏ ਹਨ। ਆਧੁਨਿਕ ਸਮੇਂ ਵਿੱਚ ਖੋਜ਼, ਪੇਟੈਂਟ ਕੇਅਰ ਅਤੇ ਬਾਇਉਟੈਕਨਾਲਜੀ ਦੇ ਖੇਤਰ ਵਿੱਚ ਬਹੁਤ ਸਾਰੀਆਂ ਸੰਭਾਵਨਾਵਾ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅੱਜ ਦੇ ਸਮੇਂ ਅਨੁਸਾਰ ਆਪਣੇ ਆਪ ਨੂੰ ਤਕਨੀਕੀ ਮਾਹਰ ਵੱਜੋਂ ਵਿਕਸਤ ਹੋਣ ਲਈ ਪ੍ਰੇਰਤ ਕੀਤਾ।

ਇਸ ਮੌਕੇ ਤੇ ਫਾਰਮਾਸਿਊਟੀਕਲ ਵਿਭਾਗ ਦੇ ਪ੍ਰੋ: ਅਤੇ ਮੁੱਖੀ ਡਾ: ਅਸ਼ੀਸ਼ ਬਾਲਦੀ ਨੇ ਕਿਹਾ ਕਿ ਪੂਰੇ ਸੰਸਾਰ ਵਿੱਚ ਫਾਰਮੇਸੀ ਦਿਵਸ ਮਨਾਇਆ ਜਾ ਰਿਹਾ ਹੈ। ਉਨ੍ਹਾਂ ਨੇ ਸੰਸਾਰ ਪੱਧਰ ਤੇ ਭਾਰਤੀ ਫਾਰਮੇਸੀ ਜਗਤ ਦੇ ਯੋਗਦਾਨ ਤੇ ਚਾਨਣਾ ਪਾਇਆ। ਇਸ ਮੌਕੇ ਤੇ ਫਾਰਮੇਸੀ, ਡਾਕਟਰੀ ਅਤੇ ਨਰਸਿੰਗ ਕਿੱਤੇ ਨਾਲ ਜੁੜੇ ਵਿਅਕਤੀਆ ਅਤੇ ਯੂਨੀਵਰਸਿਟੀ ਦੇ ਅਧਿਕਾਰੀਆਂ ਦਾ ਸਨਮਾਨ ਵੀ ਕੀਤਾ ਗਿਆ। ਫਾਰਮੇਸੀ ਦਿਵਸ ਦੇ ਮੋਕੇ ਤੇ ਵਿਭਾਗ ਦੇ ਵਿਦਿਆਰਥੀਆ ਦੇ ਪੋਸਟਰ ਮੇਕਿੰਗ ਅਤੇ ਸਲੋਗਨ ਮੁਕਾਬਲੇ ਵੀ ਕਰਵਾਏ ਗਏ। ਫਾਰਮੇਸੀ ਦੇ ਵਿਦਿਆਰਥੀਆਂ ਨੂੰ ਜਿਥੇ ਫਾਰਮੇਸੀ ਬੈਜ ਦੇ ਕੇ ਸਨਮਾਨਿਤ ਕੀਤਾ ਗਿਆ ਉਥੇ ਫਾਰਮੇਸੀ ਕੋਂਸਿਲ ਆਫ ਇੰਡੀਆਂ ਵੱਲੋਂ ਨਿਰਧਾਰਤ ਕਰਤੱਵ ਪਾਲਣ ਦੀ ਸੌਂਹ ਵੀ ਚੁਕਾਈ ਗਈ। ਇਸ ਮੋਕੇ ਤੇ ਸਿਹਤ ਚੈਕਅੱਪ ਕੈਂਪ ਵੀ ਲਗਾਇਆ ਗਿਆ ਅਤੇ ਯੂਨੀਵਰਸਿਟੀ ਦੇ ਕਰਮਚਾਰੀਆਂ ਦਾ ਸ਼ੂਗਰ ਅਤੇ ਉਚ ਰਕਤ ਚਾਪ ਦੀ ਜਾਂਚ ਵੀ ਕੀਤੀ ਗਈ। ਇਸ ਮੋਕੇ ਤੇ ਯੂਨੀਵਰਸਿਟੀ ਦੇ ਰਜਿਸਟਰਾਰ ਡਾ: ਜੇ.ਐਸ. ਹੁੰਦਲ, ਡੀਨ ਅਕਾਦਮਿਕ ਡਾ: ਗੁਰਸ਼ਰਨ ਸਿੰਘ, ਡੀਨ ਖੋਜ਼ ਪ੍ਰੋ: ਸਵੀਨਾ ਬਾਂਸਲ, ਡੀਨ ਵਿਦਿਆਰਥੀ ਭਲਾਈ ਡਾ: ਆਰ.ਕੇ. ਬਾਂਸਲ, ਡੀਨ ਕੰਸਲਟੈਂਸੀ ਡਾ: ਮਨਜੀਤ ਬਾਂਸਲ, ਡਾਇਰੈਕਟਰ ਕਾਲਜ ਵਿਕਾਸ ਕੌਸਿਲ ਡਾ: ਏ.ਕੇ. ਗੋਇਲ ਅਤੇ ਵੱਖ ਵੱਖ ਵਿਭਾਗਾ ਦੇ ਮੁੱਖੀ ਅਤੇ ਮੈਕਸ ਹਸਪਤਾਲ ਦੇ ਮਾਰਕਟਿੰਗ ਕੋਆਰਡੀਨੇਟਰ ਗਗਨਦੀਪ ਸਿੰਘ ਵੀ ਹਾਜ਼ਰ ਸਨ।

ਫੋਟੋ:

1. ਉਦਘਾਟਨੀ ਜੋਤੀ ਜਲਾਉਂਦੇ ਹੋਏ ਉਪ - ਕੁਲਪਤੀ ਅਤੇ ਹੋਰ
2. ਫਾਰਮਾਸਿਸਟ ਦਿਵਸ ਮੌਕੇ ਸੰਬੋਧਨ ਕਰਦੇ ਹੋਏ ਡਾ: ਥਾਪਰ
3. ਫਾਰਮਾਸਿਸਟ ਦਿਵਸ ਦੇ ਮੌਕੇ ਪੋਸਟਰ ਪ੍ਰਦਰਸ਼ਨ ਕਰਦੇ ਹੋਏ ਵਿਦਿਆਰਥੀ।